# ਸੋਮਵਾਰ 9 ਮਾਰਚ 2020 ਤੋਂ ਐਤਵਾਰ 15 ਮਾਰਚ 2020 ਤੱਕ

**10.3.20 ਮੰਗਲਵਾਰ: –**ਅੱਜ ਹੋਲੇ-ਮਹੱਲੇ ਦਾ ਦਿਨ ਹੈ।

**11.3.20 ਬੁੱਧਵਾਰ: - 4.30 ਵਜ਼ੇ: -** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ, ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜ਼ੂਰੀ ਜਥਾ 7.00 ਵਜੇ ਤੱਕ ਕੀਰਤਨ ਕਰੇਗਾ ਬਾਅਦ ਵਿਚ ਬੱਚੀਆਂ ਸਿਮਰਨ ਕੌਰ, ਜਸਪ੍ਰੀਤ ਕੌਰ, ਸ਼ਿਆਨਾ ਕੌਰ ਅਤੇ ਹਰਲੀਨ ਕੌਰ ਕੀਰਤਨ ਕਰਨਗੀਆਂ ਅਤੇ ਸਾਰੀ ਹੋਵੇਗੀ

- **Matrimonial Service in library from 6.30-8.00 PM**

**12.3.20 ਵੀਰਵਾਰ: - 6.00 ਵੱਜ਼ੇ: -** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ ।

**13.3.20 ਸ਼ੁਕਰਵਾਰ: - 10.00 ਵਜ਼ੇ: -**ਸਾਧ ਸੰਗਤ ਵੱਲੋਂ ਹੋਲੇ-ਮਹੱਲੇ ਅਤੇ ਚੇਤ ਦੀ ਸੰਗ੍ਰਾਂਦ,(ਸਿੱਖਾਂ ਦੇ ਨਵੇਂ ਸਾਲ ਦੇ ਚੜ੍ਹਨ) ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ ।

- **ਰਾਤ ਦਾ ਸੇਵਾਦਾਰ: –**ਸ ਸਤਨਾਮ ਸਿੰਘ ਗਿੱਲ (8.00 PM -6.00 AM)

**14.3.20 ਸ਼ਨਿਚਰਵਾਰ: -** ਚੇਤਰ ਮਹੀਨੇ ਦੀ ਸੰਗ੍ਰਾਂਦ ਅਤੇ ਨਵਾਂ ਨਵਾਂ ਸਾਲ ਹੈ।

- **11.00 ਵੱਜੇ: -**ਸ ਜਸਵੀਰ ਸਿੰਘ ਜੀ ਦੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਦੀ ਸੇਵਾ ਹੋਵੇਗੀ।
- **1.00 ਵੱਜੇ: -** ਬੀਬੀ ਹਰਭਜਨ ਕੌਰ ਜੀ ਦੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਦੀ ਸੇਵਾ ਹੋਵੇਗੀ।
- **4.00 ਵਜ਼ੇ: -** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ ।
- **ਰਾਤ ਦਾ ਸੇਵਾਦਾਰ: –**ਸ ਰਾਵਿੰਦਰ ਸਿੰਘ (8.00 PM -6.00 AM)

**15.3.20 ਐਤਵਾਰ: - 10.00 ਵਜ਼ੇ: -** ਸਾਧ ਸੰਗਤ ਵੱਲੋਂ ਹੋਲੇ-ਮਹੱਲੇ ਅਤੇ ਚੇਤ ਦੀ ਸੰਗ੍ਰਾਂਦ(ਸਿੱਖਾਂ ਦੇ ਨਵੇਂ ਸਾਲ ਦੇ ਚੜ੍ਹਨ) ਦੇ ਸਬੰਧ ਵਿਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਉਪਰੰਤ ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ ਬਾਅਦ'ਚ ਭਾਈ ਹਰਨੀਤ ਸਿੰਘ U K ਵਾਲੇ ਹਾਜ਼ਰੀ ਭਰਨਗੇ।

- ਦੀਵਾਨ ਦੀ ਸਮਾਪਤੀ ਤੋਂ ਬਾਅਦ, ਸਾਧ ਸੰਗਤ ਵੱਲੋਂ, ਪੰਥ ਦੀ ਚੜਦੀ ਕਲਾ ਵਾਸਤੇ, ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ।
- **11.30 ਵੱਜੇ:-** ਬੀਬੀ ਗੁਰਦੇਵ ਕੌਰ ਦੂਲੇ ਦੇ ਗ੍ਰਹਿ ਵਿੱਖੇ ਜੀ ਦੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ।
- **12.30-3.30 PM-** Career fair.
- **Matrimonial Service in library from 6.30-8.00 PM**

**************************************************************************

- 23 ਮਾਰਚ ਸ਼ਹੀਦੀ ਦਿਨ ਸ ਭਗਤ ਸਿੰਘ ਜੀ
- 29 ਮਾਰਚ ਸਾਲਾਨਾ ਇਜਲਾਸ (A G M)
- 29 **March Move to British Summer Time(BST)**

## ਹੋਲਾ-ਮਹੱਲਾ ਸਿੱਖ ਚੜ੍ਹਦੀ ਕਲਾ ਦਾ ਪ੍ਰਤੀਕ

**ਡਾ: ਰੂਪ ਸਿੰਘ**

ਹੋਲਾ-ਮਹੱਲਾ ਸਿੱਖਾ ਦਾ ਇਕ ਅਹਿਮ ਦਿਹਾੜਾ ਹੈ ਜੋ ਕਿ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ।

ਸਿੱਖ ਹੋਲ ਦੇ ਪਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਕਿਉਂਕਿ ਲੋਕਾਂ ਨੇ ਇਕ- ਦੂਜੇ'ਤੇ ਗੰਦ-ਮੰਦ ਸੁੱਟਣ, ਖਰੂਦ ਮਚਾਉਣ, ਸ਼ਰਾਬ ਪੀਣ, ਮੰਦਾ ਬੋਲਣ ਆਦਿ ਘਟੀਆ ਹਰਕਤਾਂ ਨੂੰ ਹੋਲੀ ਦਾ ਅੰਗ ਸਮਝ ਛੱਡਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ । ਉਨ੍ਹਾਂ ਨੇ ਹਿੰਦੋਸਤਾਨੀ ਲੋਕਾਂ ਦੀ ਸੁਤੀ ਅਣਖ ਸੁੱਤੀ ਹੋਈ ਅਣਖ ਨੂੰ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ, ਹੋਲੀ ਨੂੰ " ਹੋਲਾ ਮਹੱਲਾ" ਦੇ ਰੂਪ ਵਿਚ ਮਨਾਉਣ ਦੀ ਰੀਤ ਚਲਾਈ। ਸੰਮਤ 1757(1700 ਈ:)ਨੂੰ ਦਸਮ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਵਿੱਖੇ "ਹੋਲਗੜ੍ਹ" ਦੇ ਸਥਾਨ ਤੇ ਪਹਿਲੀ ਵਾਰ "ਹੋਲਾ-ਮਹੱਲਾ" ਮਨਾਇਆ। ਇਸ ਤੋਂ ਇਹ ਭੀ ਸਪੱਸ਼ਟ ਹੁੰਦਾ ਹੈ ਕਿ ਦਸ਼ਮੇਸ਼ ਪਿਤਾ ਨੇ "ਹੋਲਾ-ਮਹੱਲੇ" ਨੂੰ ਸੁਤੰਤਰ ਸਿੱਖ

